ਅਰਦਾਸ
ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥
ਅਕਾਲ ਪੁਰਖ ਨੂੰ ਸਿਮਰ ਕੇ
ਗੁਰੂ ਨਾਨਕ ਸਾਹਿਬ ਜੀ,
ਗੁਰੂ ਅੰਗਦ ਸਾਹਿਬ ਜੀ ,
ਗੁਰੂ ਅਮਰਦਾਸ ਸਾਹਿਬ ਜੀ,
ਗੁਰੂ ਰਾਮਦਾਸ ਸਾਹਿਬ ਜੀ,
ਗੁਰੂ ਅਰਜਨ ਸਾਹਿਬ ਜੀ,
ਗੁਰੂ ਹਰਿਗੋਬਿੰਦ ਸਾਹਿਬ ਜੀ,
ਗੁਰੂ ਹਰਿ ਰਾਏ ਸਾਹਿਬ ਜੀ,
ਗੁਰੂ ਹਰਿਕ੍ਰਿਸ਼ਨ ਸਾਹਿਬ ਜੀ,
ਗੁਰੂ ਤੇਗ ਬਹਾਦਰ ਸਾਹਿਬ ਜੀ,
ਗੁਰੂ ਗੋਬਿੰਦ ਸਿੰਘ ਸਾਹਿਬ ਜੀ,
ਦਸਾਂ ਪਾਤਸ਼ਾਹੀਆਂ, ਭਗਤਾਂ, ਭੱਟਾਂ, (ਬਾਣੀਕਾਰ) ਗੁਰਸਿੱਖਾਂ ਦੀ ਆਤਮਕ ਜੋਤ,
ਸ਼ਬਦ ਗੁਰੂ ,
ਗੁਰੂ ਗ੍ਰੰਥ ਸਾਹਿਬ ਜੀ ਦਾ ਧਿਆਨ ਧਰ ਕੇ ਖਾਲਸਾ ਜੀ ਬੋਲੋ ਜੀ ਵਾਹਿਗੁਰੂ ।

ਪੰਜਾਂ ਪਿਆਰਿਆਂ, ਚਹੁੰਆਂ ਸਾਹਿਬਜ਼ਾਦਿਆਂ, ਚਾਲੀਆਂ ਮੁਕਤਿਆਂ, ਸੂਰਬੀਰਾਂ, ਸਿਦਕੀ ਸਿੰਘਾਂ ਸਿੰਘਣੀਆਂ, ਜਿਹਨਾਂ ਨੇ ਦਸਾਂ ਨਹੁੰਆਂ ਦੀ ਕਿਰਤ ਕੀਤੀ, ਵੰਡ ਕੇ ਛਕਿਆ, ਨਾਮ ਜਪਿਆ, ਦੇਗ ਚਲਾਈ, ਤੇਗ ਵਾਹੀ, ਦੇਖ ਕੇ ਅਣਡਿੱਠ ਕੀਤਾ, ਤਿਨ੍ਹਾਂ ਸਚਿਆਰਿਆਂ, ਪਿਆਰਿਆਂ ਦੀ ਕਮਾਈ ਦਾ ਧਿਆਨ ਧਰਕੇ ਖਾਲਸਾ ਜੀ ਬੋਲੋ ਜੀ ਵਾਹਿਗੁਰੂ ॥

ਜਿਹਨਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਵਾਏ, ਖੋਪਰੀਆਂ ਲੁਹਾਈਆਂ,ਚਰਖੜੀਆਂ 'ਤੇ ਚੜ੍ਹੇ, ਆਰਿਆਂ ਨਾਲ ਚਿਰਵਾਏ ਗਏ, ਦੇਗਾਂ 'ਚ ਉਬਾਲੇ ਗਏ, ਜੀਊਂਦੇ ਅੱਗ ਵਿਚ ਸਾੜੇ ਗਏ, ਕੋਹਲੂਆਂ 'ਚ ਪੀੜੇ ਗਏ, ਪੁੱਠੀਆਂ ਖੱਲਾਂ ਲੁਹਾਈਆਂ, ਬੱਚਿਆਂ ਦੇ ਟੋਟਿਆਂ ਦੇ ਹਾਰ ਗਲਾਂ 'ਚ ਪਵਾਏ,ਘਲੂਘਾਰਿਆਂ ਵਿਚ ਸ਼ਹੀਦ ਹੋਏ, ਗੁਰਦੁਆਰਿਆਂ ਦੀ ਆਜਾਦੀ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸਵਾਸਾਂ ਨਾਲ ਨਿਭਾਈ, ਤਿਨ੍ਹਾਂ ਸਿੰਘਾਂ ਸਿੰਘਣੀਆਂ ਭੁਝੰਗੀਆਂ ਦੀ ਕਮਾਈ ਦਾ ਧਿਆਨ ਧਰਕੇ ਖਾਲਸਾ ਜੀ ਬੋਲੋ ਜੀ ਵਾਹਿਗੁਰੂ ॥

ਸ਼ਬਦ ਗੁਰੂ ਗੁਰੂ ਗ੍ਰੰਥ ਸਾਹਿਬ ਜੀ ਅਤੇ ਖਾਲਸਾ ਪੰਥ ਪ੍ਰਵਾਨਤ ਸਿੱਖ ਰਹਿਤ ਮਰਿਆਦਾ ਨੂੰ ਸਮਰਪਿਤ ਸਰਬੱਤ ਗੁਰੂਦੁਆਰਿਆਂ, ਜਥੇਬੰਦੀਆਂ, ਅਦਾਰਿਆਂ ਦਾ ਧਿਆਨ ਧਰ ਕੇ ਖਾਲਸਾ ਜੀ
ਬੋਲੋ ਜੀ ਵਾਹਿਗੁਰੂ ॥

ਪ੍ਰਿਥਮੈ ਸਰਬੱਤ ਖਾਲਸਾ ਜੀ ਦੀ ਅਰਦਾਸ ਹੈ ਜੀ, ਸਰਬੱਤ ਖਾਲਸਾ ਜੀ ਕੋ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਨਾਮ ਚਿੱਤ ਆਵੇ, ਚਿੱਤ ਆਵਣ ਕਾ ਸਦਕਾ ਸਰਬ ਸੁੱਖ ਹੋਵੇ, ਜਹਾਂ ਜਹਾਂ ਖਾਲਸਾ ਜੀ ਸਾਹਿਬ, ਤਹਾਂ ਤਹਾਂ ਰੱਛਿਆ ਰਿਆਇਤ, ਦੇਗ ਤੇਗ ਫਤਿਹ, ਬਿਰਦ ਕੀ ਪੈਜ, ਪੰਥ ਕੀ ਜੀਤ, ਅਕਾਲ ਪੁਰਖ ਸਾਹਿਬ ਜੀ ਸਹਾਇ, ਖਾਲਸਾ ਜੀ ਕੇ ਬੋਲਬਾਲੇ,
ਬੋਲੋ ਜੀ ਵਾਹਿਗੁਰੂ ॥

ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ, ਭਰੋਸਾ ਦਾਨ, ਵਿਸਾਹ ਦਾਨ, ਦਾਨਾਂ ਸਿਰ ਦਾਨ ਨਾਮ ਦਾਨ, ਅਮ੍ਰਿਤਸਰ ਸਾਹਿਬ, ਅਕਾਲ ਤਖਤ ਸਾਹਿਬ ਜੀ ਦੇ ਉੱਚੇ ਝੂਲਦੇ ਨਿਸ਼ਾਨ, ਚੌਕੀਆਂ, ਝੰਡੇ, ਬੁੰਗੇ, ਜੁਗੋ ਜੁਗ ਅਟੱਲ, ਧਰਮ ਕਾ ਜੈਕਾਰ, ਖਾਲਸਾ ਜੀ ਬੋਲੋ ਜੀ ਵਾਹਿਗੁਰੂ ॥

ਸਿੱਖਾਂ ਦਾ ਮਨ ਨੀਵਾਂ, ਮੱਤ ਉੱਚੀ, ਮੱਤ ਦਾ ਰਾਖਾ ਆਪ ਅਕਾਲ ਪੁਰਖ ਵਾਹਿਗੁਰੂ, ਬੋਲੋ ਜੀ ਵਾਹਿਗੁਰੂ ॥

ਆਪਣੇ ਖਾਲਸਾ ਪੰਥ ਦੇ ਸਦਾ ਸਹਾਈ ਅਕਾਲ ਪੁਰਖ ਦਾਤਾਰ ਜੀਓ,ਆਪਣੇ ਸਿੱਖਾਂ ਨੂੰ ਦਸਾਂ ਨਹੁੰਆਂ ਦੀ ਸੱਚੀ-ਸੁੱਚੀ ਕਿਰਤ ਕਰਨ, ਵੰਡ ਛਕਣ ਅਤੇ ਨਾਮ ਜਪਣ ਦੀ ਸਮਰੱਥਾ ਬਖਸ਼ੋ ਜੀ,

ਹੇ ਅਕਾਲਪੁਰਖ ਸਾਹਿਬ ਜੀਓ, ਆਪਣੇ ਕੌਮੀ ਘਰ ਦੀ ਉਸਾਰੀ ਲਈ ਸਰਬੱਤ ਖਾਲਸਾ ਪੰਥ ਨੂੰ ਏਕਤਾ ਦਾ ਦਾਨ ਬਖਸ਼ੋ ਜੀ,

ਹੇ ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਓਟਿਆਂ ਦੀ ਓਟ, ਨਿਆਸਰਿਆਂ ਦੇ ਆਸਰੇ ਵਾਹਿਗੁਰੂ ਅਕਾਲ ਪੁਰਖ ਸਾਹਿਬ ਜੀਓ

(ਇਥੇ ਉਸ ਮਕਸਦ ਦਾ ਜ਼ਿਕਰ ਕਰਨਾ ਹੈ ਜਿਸ ਵਾਸਤੇ ਅਰਦਾਸ ਕੀਤੀ ਜਾ ਰਹੀ ਹੈ)

...ਸਿਰ ਤੇ ਮੇਹਰ ਭਰਿਆ ਹੱਥ ਰੱਖਣਾ, ਅੰਗ ਸੰਗ ਸਹਾਈ ਹੋਣਾ, ਕਾਮ ਕ੍ਰੋਧ ਲੋਭ ਮੋਹ ਹੰਕਾਰ ਤੋਂ ਬਚਾਵਣਾ, ਸ਼ੁਭ ਭਾਵਨਾਵਾਂ ਪੂਰਨ ਕਰਨੀਆਂ,ਆਪਣੇ ਦਰੋਂ ਘਰੋਂ ਸਿੱਖੀ ਸਿਦਕ ਭਰੋਸਾ ਨਾਮ ਦਾਨ ਬਖਸ਼ਣਾ, ਸਰਬੱਤ ਦੇ ਸ਼ੁਭ ਕਾਰਜ ਰਾਸ ਕਰਨੇ, ਹਰ ਮੈਦਾਨ ਫਤਿਹ ਬਖਸ਼ਣੀ, ਸੋਈ ਗੁਰਮੁਖ ਪਿਆਰੇ ਮੇਲਹੁ ਜਿਹਨਾਂ ਦੇ ਮਿਲਿਆਂ ਤੇਰਾ ਨਾਮ ਚਿੱਤ ਆਵੇ :

ਖਾਲਸਾ ਪੰਥ ਦੀ ਚੜ੍ਹਦੀ ਕਲਾ
ਤੇਰੇ ਭਾਣੇ ਸਰਬੱਤ ਦਾ ਭਲਾ ॥

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਿਹ ॥

ਮੁੰਦਾਵਣੀ ਮਹਲਾ ੫
ਥਾਲ ਵਿਚਿ ਤਿੰਨਿ ਵਸਤੂ ਪਈਓ
ਸਤੁ ਸੰਤੋਖ ਵੀਚਾਰੋ ॥
ਅਮ੍ਰਿਤ ਨਾਮੁ ਠਾਕਰ ਕਾ ਪਇਓ
ਜਿਸਕਾ ਸਭਸ ਆਧਾਰੋ ॥
ਜੇ ਕੋ ਖਾਵੈ ਜੇ ਕੋ ਭੁੰਚਹ
ਤਿਸ ਕਾ ਹੋਏ ਉਧਾਰੋ ॥
ਇਹ ਵਸਤ ਤਜੀ ਨਹਿ ਜਾਈ
ਨਿਤ ਨਿਤ ਰਖ ਉਰਧਾਰੋ ॥
ਤਮ ਸੰਸਾਰ ਚਰਨ ਲਗਿ ਤਰੀਐ
ਸਭ ਨਾਨਕ ਬ੍ਰਹਮ ਪਸਾਰੋ ॥
ਸਲੋਕ ਮ: ੫
ਤੇਰਾ ਕੀਤਾ ਜਾਤੋ ਨਾਹੀ
ਮੈਨੋ ਜੋਗ ਕੀਤੋਈ ॥
ਮੈ ਨਿਰਗੁਣਿਆਰੇ ਕੋ ਗੁਣਿ ਨਾਹੀ
ਆਪੇ ਤਰਸ ਪਇਓਈ ॥
ਤਰਸ ਪਿਆ ਮਿਹਰਾਮਤਿ ਹੋਈ
ਸਤਿਗੁਰ ਸਜਣ ਮਿਲਿਆ ॥
ਨਾਨਕ ਨਾਮੁ ਮਿਲੇ ਤਾ ਜੀਵਾ
ਤਨ ਮਨ ਥੀਵੈ ਹਰਿਆ ॥
ਦੋਹਿਰਾ
ਆਗਿਆ ਭਈ ਅਕਾਲ ਕੀ
ਤਬੈ ਚਲਾਇਓ ਪੰਥ ॥
ਸਭ ਸਿਖਨ ਕੋ ਹੁਕਮ ਹੈ
ਗੁਰੂ ਮਾਨਿਓ ਗ੍ਰੰਥ ॥
ਪੰਥ ਖਾਲਸਾ ਜਾਨਿਓ
ਪਰਗਟ ਗੁਰਾਂ ਕੀ ਦੇਹ ॥
ਜੋ ਮੋਹਿ ਕਉ ਮਿਲਬੋਂ ਚਹੈਂ
ਖੋਜ ਇਨਹੀਂ ਮਹਿ ਲੇਹ ॥
ਰਾਜ ਕਰੇਗਾ ਖਾਲਸਾ

ਆਕੀ ਰਹੈ ਨਾ ਕੋਏ ॥
ਖ਼ਵਾਰ ਹੋਏ ਸਭ ਮਰਹਿੰਗੇ
ਬਚੇ ਸ਼ਰਣ ਜੋ ਹੋਏ ॥॥

ਨੋਟ:- ਅਰਦਾਸ ਵਿਚੋਂ ਬਿਪਰਵਾਦੀ ਬਿੰਬ ਮਨਫ਼ੀ ਕੀਤੇ ਗਏ ਹਨ ਤੇ ਕੇਵਲ ਪੰਥਕ ਸਰੋਕਾਰ ਸ਼ਾਮਲ ਕੀਤੇ ਗਏ ਹਨ ।